**21 ਦਸੰਬਰ, 2021**

## 2021 ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ ਐਗਰੀ ਰਿਕਵਰੀ ਅੱਪਡੇਟ

ਬੀ.ਸੀ. ਸਰਕਾਰ ਪਸ਼ੂ ਧਨ ਅਤੇ ਫਸਲ ਉਤਪਾਦਕਾਂ ਦੀ ਮਦਦ ਕਰਨ ਲਈ ਕੈਨੇਡਾ ਸਰਕਾਰ ਨਾਲ ਇੱਕ ਐਗਰੀ ਰਿਕਵਰੀ ਪ੍ਰੋਗਰਾਮ (AgriRecovery ) ਵਿਕਸਤ ਕਰਨਾ ਜਾਰੀ ਰੱਖ ਰਹੀ ਹੈ, ਜਿਨ੍ਹਾਂ ਨੇ ਹੜ੍ਹਾਂ ਕਾਰਨ ਉਤਪਾਦਨ ਵਿੱਚ ਅਸਾਧਾਰਨ ਨੁਕਸਾਨ ਦਾ ਅਨੁਭਵ ਕੀਤਾ ਹੈ।

ਵੱਖੋ-ਵੱਖਰੇ ਆਫ਼ਤ ਵਾਲੇ ਖੇਤਰਾਂ ਵਿੱਚ ਵੱਖ-ਵੱਖ ਜਿਣਸਾਂ ਦੇ ਉਤਪਾਦਕਾਂ ਲਈ ਇੱਕ ਪ੍ਰਭਾਵੀ ਪ੍ਰੋਗਰਾਮ ਵਿਕਸਿਤ ਕਰਨ ਲਈ ਕਈ ਕਿਸਾਨ ਸੰਗਠਨਾਂ ਅਤੇ ਵਿਅਕਤੀਗਤ ਕਿਸਾਨਾਂ ਨਾਲ ਵਿਆਪਕ ਸਲਾਹ-ਮਸ਼ਵਰੇ ਦੀ ਲੋੜ ਹੈ ਅਤੇ ਦੋਵੇਂ ਸਰਕਾਰਾਂ ਜਨਵਰੀ ਵਿੱਚ ਅਰਜ਼ੀਆਂ ਲਈ ਪ੍ਰੋਗਰਾਮ ਨੂੰ ਖੋਲ੍ਹਣ ਲਈ ਕੰਮ ਕਰ ਰਹੀਆਂ ਹਨ।

AgirRecovery (ਐਗਰੀ ਰਿਕਵਰੀ) ਅਸਾਧਾਰਣ ਰਿਕਵਰੀ ਲਾਗਤਾਂ ਦੇ ਨਾਲ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਹੈ ਜੋ ਮੌਜੂਦਾ ਪ੍ਰੋਗਰਾਮਾਂ ਜਾਂ ਪ੍ਰਾਈਵੇਟ ਬੀਮੇ ਦੁਆਰਾ ਕਵਰ ਨਹੀਂ ਕੀਤੇ ਜਾਂਦੇ। ਜਦੋਂ ਐਗਰੀ ਰਿਕਵਰੀ ਪ੍ਰੋਗਰਾਮ ਖੁੱਲ੍ਹਦਾ ਹੈ, ਪ੍ਰਭਾਵਿਤ ਉਤਪਾਦਕ ਇਹਨਾਂ ਖੇਤਰਾਂ ਵਿੱਚ ਫਾਰਮ 'ਤੇ ਅਸਾਧਾਰਨ ਖਰਚਿਆਂ ਲਈ ਸਹਾਇਤਾ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੇ ਹਨ:

- ਪਸ਼ੂ ਕਲਿਆਣ: ਚਾਰਾ, ਖਲਿਆਣ ਅਤੇ ਪਸ਼ੂਆਂ ਦੇ ਆਸਰੇ ਦੀ ਬਹਾਲੀ, ਮੁਰੰਮਤ ਅਤੇ ਸਫਾਈ ਦੇ ਨਾਲ-ਨਾਲ ਪਸ਼ੂਆਂ ਦੀ ਸੱਟ, ਮੌਤ ਦਰ ਦਾ ਨਿਪਟਾਰਾ ਅਤੇ ਆਵਾਜਾਈ।
- ਉਤਪਾਦਨ ਬੁਨਿਆਦੀ ਢਾਂਚਾ: ਖਲਿਆਣ, ਪਾਣੀ ਅਤੇ ਰਹਿੰਦ-ਖੂੰਹਦ ਪ੍ਰਣਾਲੀਆਂ ਦੀ ਸਫਾਈ ਅਤੇ ਬਹਾਲੀ, ਪਸ਼ੂਆਂ ਨੂੰ ਰੋਕਣ ਵਾਲੀਆਂ ਵਾੜਾਂ ਅਤੇ ਅਸਥਾਈ ਉਤਪਾਦਨ ਸਹੂਲਤਾਂ ਦੇ ਕਿਰਾਏ।
- ਮੁੜ-ਵੇਚਣ ਲਈ ਨਹੀਂ ਉਗਾਏ ਗਏ ਬਾਰਾਮਾਸੀ ਪੌਦਿਆਂ ਦਾ ਨੁਕਸਾਨ।
- ਖੇਤੀਬਾੜੀ ਜ਼ਮੀਨ ਦੀ ਬਹਾਲੀ: ਹੜ੍ਹ ਪ੍ਰਭਾਵਿਤ ਜ਼ਮੀਨ ਨੂੰ ਖੇਤੀਬਾੜੀ ਉਤਪਾਦਨ ਲਈ ਸੁਰੱਖਿਅਤ ਵਾਤਾਵਰਣ ਵਿੱਚ ਵਾਪਸ ਲਿਆਉਣਾ; ਇਸ ਵਿੱਚ ਡਰੇਨੇਜ ਬੁਨਿਆਦੀ ਢਾਂਚਾ ਸ਼ਾਮਲ ਹੋ ਸਕਦਾ ਹੈ।
- ਸੁਰੱਖਿਆਤਮਕ ਬੁਨਿਆਦੀ ਢਾਂਚੇ ਦਾ ਪੁਨਰ ਨਿਰਮਾਣ: ਖੇਤ 'ਤੇ ਸੁਰੱਖਿਆ ਦੇ ਕੰਮਾਂ ਜਿਵੇਂ ਕਿ ਡਰੇਨੇਜ ਟੋਏ ਅਤੇ ਰਿਪਰੈਪ ਦੀ ਵਾਜਬ ਮੁਰੰਮਤ।

ਜਿਹੜੇ ਕਿਸਾਨ ਪਹਿਲਾਂ ਹੀ ਉਪਰੋਕਤ ਖੇਤਰਾਂ ਵਿੱਚ ਕੋਈ ਵੀ ਕੰਮ ਸ਼ੁਰੂ ਕਰ ਚੁੱਕੇ ਹਨ, ਉਹਨਾਂ ਨੂੰ ਪੁਰਜ਼ੋਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀਆਂ ਰਸੀਦਾਂ ਰੱਖਣ, ਕੰਮ ਦੇ ਘੰਟਿਆਂ ਦਾ ਹਿਸਾਬ ਰੱਖਣ ਅਤੇ ਆਪਣੀ ਐਗਰੀ ਰਿਕਵਰੀ ਅਰਜ਼ੀ ਦੇ ਸਮਰਥਨ ਲਈ ਨੁਕਸਾਨ ਅਤੇ ਮੁਰੰਮਤ ਦੇ ਦਸਤਾਵੇਜ਼ਾਂ ਵਾਲੀਆਂ ਤਸਵੀਰਾਂ ਲੈਣ।

ਪ੍ਰੋਗਰਾਮ ਦੇ ਕਿਸੇ ਵੀ ਅੱਪਡੇਟ ਬਾਰੇ ਸੂਚਿਤ ਰਹਿਣ ਲਈ ਅਤੇ ਅਰਜ਼ੀਆਂ ਖੋਲ੍ਹਣ ਦੀ ਸੂਚਨਾ ਪ੍ਰਾਪਤ ਕਰਨ ਲਈ ਪ੍ਰਭਾਵਿਤ ਕਿਸਾਨਾਂ ਨੂੰ agrirecovery@gov.bc.ca 'ਤੇ ਰਜਿਸਟਰ ਕਰਨਾ ਚਾਹੀਦਾ ਹੈ। ਪ੍ਰੋਗਰਾਮ ਉਪਲਬਧ ਹੋਣ 'ਤੇ ਅਰਜ਼ੀਆਂ ਨੂੰ ਪੂਰਾ ਕਰਨ ਲਈ ਸਹਾਇਤਾ ਦੀ ਲੋੜ ਵਾਲੇ ਕਿਸਾਨਾਂ ਨੂੰ ਇੱਕਲੇ-ਇਕਲੇ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਅਤੇ ਸਰਵਿਸ ਅੰਗਰੇਜ਼ੀ ਅਤੇ ਪੰਜਾਬੀ ਵਿਚ ਪ੍ਰਦਾਨ ਕੀਤੀ ਜਾਵੇਗੀ।

### ਹੋਰ ਸਹਾਇਤਾ ਪ੍ਰੋਗਰਾਮ

ਵੱਖ-ਵੱਖ ਖੇਤੀਬਾੜੀ ਮੰਤਰਾਲੇ, ਖੁਰਾਕ ਅਤੇ ਮੱਛੀ ਪਾਲਣ ਦੁਆਰਾ ਪ੍ਰਦਾਨ ਕੀਤੇ ਗਏ ਵਪਾਰਕ ਜੋਖਮ ਪ੍ਰਬੰਧਨ ਪ੍ਰੋਗਰਾਮ (BRM), ਆਫ਼ਤ ਵਿੱਤੀ ਸਹਾਇਤਾ (DFA) ਅਤੇ ਵਪਾਰਕ ਬੀਮੇ ਵੀ ਹਨ ਜੋ ਉਹਨਾਂ ਉਤਪਾਦਕਾਂ ਨੂੰ ਵੱਖ-ਵੱਖ ਪੱਧਰਾਂ ਦੀ ਸਹਾਇਤਾ ਪ੍ਰਦਾਨ ਕਰਦੇ ਹਨ, ਜਿਹਨਾਂ ਨੇ ਨੁਕਸਾਨ ਦਾ ਅਨੁਭਵ ਕੀਤਾ ਹੈ।

**ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ:**

**ਜੇਕਰ ਤਹਾਡੇ ਕੋਲ ਐਗਰੀ ਇੰਸ਼ੋਰੈਂਸ ਪਾਲਿਸੀ (ਫ਼ਸਲ ਬੀਮਾ) (AgriInsurance (crop insurance) ਹੈ** ਤਾਂ ਕਲੇਮ ਖੋਲ੍ਹਣ ਲਈ ਮੰਤਰਾਲੇ ਨਾਲ ਸੰਪਰਕ ਕਰੋ। ਬਲੂਬੇਰੀ, ਸਟ੍ਰਾਬੇਰੀ ਅਤੇ ਅੰਗੂਰ ਦੇ ਪੌਦਿਆਂ, ਟਿਊਲਿਪ ਅਤੇ ਡੈਫੋਡਿਲ ਬਲਬ ਅਤੇ ਖੇਤ ਦੀਆਂ ਸਬਜ਼ੀਆਂ ਲਈ 2021 ਨੀਤੀਆਂ ਜਾਰੀ ਕੀਤੀਆਂ ਗਈਆਂ ਸਨ। ਉਤਪਾਦਕ ਦੁਆਰਾ ਚੁਣੀ ਗਈ ਕਵਰੇਜ ਦੇ ਆਧਾਰ 'ਤੇ ਖੇਤੀ ਬੀਮਾ ਪਾਲਿਸੀਆਂ ਵੱਖਰੀਆਂ ਹੁੰਦੀਆਂ ਹਨ। ਅੰਗਰੇਜ਼ੀ ਅਤੇ ਪੰਜਾਬੀ ਵਿੱਚ ਸੇਵਾ ਉਪਲਬਧ ਹੈ।

**ਐਗਰੀਸਟੈਬਿਲਟੀ (AgriStability) ਲਈ ਅਪਲਾਈ ਕਰੋ (ਜੇਕਰ ਤੁਸੀਂ ਪਹਿਲਾਂ ਹੀ ਹਿੱਸਾ ਨਹੀਂ ਲਿਆ)** ਐਗਰੀਸਟੈਬਿਲਟੀ ਇੱਕ ਨਿਰੰਤਰ ਪ੍ਰੋਗਰਾਮ ਹੈ ਜੋ ਵਿਅਕਤੀਗਤ ਫਾਰਮ ਦੀ ਆਮਦਨ ਅਤੇ ਪਿਛਲੇ ਸਾਲਾਂ ਵਿੱਚ ਖਰਚਿਆਂ ਦੇ ਆਧਾਰ 'ਤੇ ਆਮਦਨ ਵਿੱਚ ਗੰਭੀਰ ਗਿਰਾਵਟ ਦੇ ਵਿਰੁੱਧ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ ਮੁਲਾਂਕਣਾਂ ਵਿੱਚ ਸਟੋਰ ਕੀਤੀ ਫਸਲ, ਨਰਸਰੀ ਪੌਦਿਆਂ ਅਤੇ ਪਸ਼ੂਆਂ ਦੇ ਨੁਕਸਾਨ ਨੂੰ ਵਿਚਾਰਦਾ ਹੈ। 2021 ਵਿੱਚ ਆਮਦਨੀ ਦੇ ਨੁਕਸਾਨ ਵਿੱਚ ਗਰਮੀ, ਮਜ਼ਦੂਰਾਂ ਦੀਆਂ ਸਮੱਸਿਆਵਾਂ, ਹੜ੍ਹਾਂ ਦੇ ਨੁਕਸਾਨ ਵਰਗੇ ਕਾਰਨ ਸ਼ਾਮਲ ਹੋ ਸਕਦੇ ਹਨ। 2021 ਸਾਲ ਲਈ ਅਰਜ਼ੀਆਂ ਅਜੇ ਵੀ ਖੁੱਲ੍ਹੀਆਂ ਹਨ, ਅੰਤਰਿਮ ਭੁਗਤਾਨ ਅਕਸਰ ਅਰਜ਼ੀ ਦੇ ਕੁਝ ਹਫ਼ਤਿਆਂ ਦੇ ਅੰਦਰ ਸੰਭਵ ਹੁੰਦੇ ਹਨ।ਅੰਗਰੇਜ਼ੀ ਅਤੇ ਪੰਜਾਬੀ ਵਿੱਚ ਸੇਵਾ ਉਪਲਬਧ ਹੈ।

ਆਫ਼ਤ ਵਿੱਤੀ ਸਹਾਇਤਾ ਦੇ ਮਾਪਦੰਡਾਂ ਬਾਰੇ ਜਾਣਨ ਲਈ ਐਮਰਜੈਂਸੀ ਬੀ ਸੀ (**EMBC**) ਨਾਲ ਸੰਪਰਕ ਕਰੋ। DFA ਹੜ੍ਹਾਂ ਦੀ ਸਫ਼ਾਈ ਅਤੇ ਜ਼ਮੀਨ ਦੀ ਮੁਰੰਮਤ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ, ਪਰ ਫਸਲਾਂ ਨੂੰ ਦੁਬਾਰਾ ਬੀਜਣ ਜਾਂ ਗੁਆਚੀ ਆਮਦਨ ਨੂੰ ਬਦਲਣ ਲਈ ਨਹੀਂ। ਸਿਰਫ਼ EMBC ਕਰਮਚਾਰੀ ਹੀ ਇਹ ਨਿਰਧਾਰਤ ਕਰਨ ਲਈ ਯੋਗ ਹਨ ਕਿ ਕਿਹੜੀ ਸਹਾਇਤਾ ਅਤੇ ਖਰਚੇ ਯੋਗ ਹੋ ਸਕਦੇ ਹਨ।

ਆਪਣੇ ਵਪਾਰਕ ਬੀਮਾ ਪ੍ਰਦਾਤਾ ਨਾਲ ਸੰਪਰਕ ਕਰੋ ਅਤੇ ਕਲੇਮ ਦੀ ਪ੍ਰਕਿਰਿਆ ਸ਼ੁਰੂ ਕਰੋ, ਇਹ ਧਿਆਨ ਰੱਖਦੇ ਹੋਏ, ਬਹੁਤ ਸਾਰੇ ਮਾਮਲਿਆਂ ਵਿੱਚ ਮੋਬਾਈਲ ਉਪਕਰਣ (ਜਿਵੇਂ ਕਿ ਟਰੈਕਟਰ, ਹਾਰਵੈਸਟਰਜ਼ ) ਬੀਮਾਯੋਗ ਹੁੰਦੇ ਹਨ ਅਤੇ ਅਕਸਰ ਵਪਾਰਕ ਬੀਮੇ ਦੁਆਰਾ ਕਵਰ ਕੀਤੇ ਜਾਂਦੇ ਹਨ।

ਐਮਰਜੈਂਸੀ ਫਲੱਡ ਫੋਰੇਜ ਪ੍ਰੋਗਰਾਮ ਬਾਰੇ ਜਾਣੋ ਜੋ ਵਪਾਰਕ ਪਸ਼ੂਆਂ ਦੇ ਉਤਪਾਦਕਾਂ ਨੂੰ ਉਨ੍ਹਾਂ ਦੇ ਪਸ਼ੂਆਂ ਨੂੰ ਚਾਰੇ ਅਤੇ ਸਿਹਤਮੰਦ ਰੱਖਣ ਲਈ ਚਾਰੇ ਦੀ ਐਮਰਜੈਂਸੀ ਸਪਲਾਈ ਨਾਲ ਮਦਦ ਕਰਦਾ ਹੈ। ਬੀ.ਸੀ. ਸਰਕਾਰ ਪਸ਼ੂ ਉਤਪਾਦਕਾਂ ਨੂੰ ਉਹਨਾਂ ਦੇ ਪਸ਼ੂਆਂ ਦੀ ਦੇਖਭਾਲ ਵਿੱਚ ਸਹਾਇਤਾ ਕਰਨ ਲਈ ਬੀ ਸੀ ਕੈਟਲਮੈਨਜ਼ ਐਸੋਸੀਏਸ਼ਨ ਅਤੇ ਬੀ ਸੀ ਫੋਰੇਜ਼ ਕੌਂਸਲ ਨਾਲ ਕੰਮ ਕਰ ਰਹੀ ਹੈ। ਪ੍ਰੋਡਿਊਸਰ ਯੋਗਤਾ ਨਿਰਧਾਰਤ ਕਰਨ ਅਤੇ ਅਰਜ਼ੀ ਨੂੰ ਪੂਰਾ ਕਰਨ ਲਈ ਪ੍ਰੋਗਰਾਮ ਭਾਈਵਾਲਾਂ ਨਾਲ ਸੰਪਰਕ ਕਰ ਸਕਦੇ ਹਨ:

- ਬੀ ਸੀ ਫੋਰੇਜ਼ ਕੌਂਸਲ (ਫਰੇਜ਼ਰ ਵੈਲੀ ਦੇ ਉਤਪਾਦਕ): hay@bcforagecouncil.com
- ਬੀ ਸੀ ਕੈਟਲਮੈਨਜ਼ ਐਸੋਸੀਏਸ਼ਨ (ਇੰਟੀਰੀਅਰ ਦੇ ਉਤਪਾਦਕ): hay@cattlemen.bc.ca